## ਐਕਸੈੱਸ ਤੇ ਲਾਗਇੰਨ

1. **ਮੈਂ ਆਈ.ਪੀ.ਐਲ.ਓ. ਆਨਲਾਈਨ ਪਰੀਖਿਆ ਕਿੱਥੇ ਦੇ ਸਕਦਾ/ ਸਕਦੀ ਹਾਂ?**
   ਤੁਸੀਂ ਇਹ ਪਰੀਖਿਆ ਕਿਸੇ ਵੀ ਆਧੁਨਿਕ ਬ੍ਰਾਉਜ਼ਰ (Chrome, Edge, Firefox) ’ਤੇ olympiad.pseb.ac.in ’ਤੇ ਜਾ ਕੇ ਦੇ ਸਕਦੇ ਹੋ।
2. **ਲਾਗਇੰਨ ਕਿਵੇਂ ਕੀਤਾ ਜਾ ਸਕਦਾ ਹੈ?**
   ਯੂਜ਼ਰ ਆਈ.ਡੀ.: ਆਈ.ਪੀ.ਐਲ.ਓ. ਰਜਿਸਟ੍ਰੇਸ਼ਨ ਨੰਬਰ
   ਪਾਸਵਰਡ: ਉਹ ਜੋ ਤੁਸੀਂ ਰਜਿਸਟ੍ਰੇਸ਼ਨ ਸਮੇਂ ਸੈੱਟ ਕੀਤਾ ਸੀ, ਜੋ ਤੁਹਾਡੇ ਰਜਿਸਟਰ ਕੀਤੇ ਈਮੇਲ ਤੇ ਵੀ ਭੇਜਿਆ ਗਿਆ ਹੈ, ਦਰਜ (enter) ਕਰਕੇ ਲਾਗਇੰਨ ਕਰ ਸਕਦੇ ਹੋ।
3. **ਕੀ ਮੈਂ ਪਾਸਵਰਡ ਦੀ ਥਾਂ OTP ਨਾਲ ਲਾਗਇੰਨ ਕਰ ਸਕਦਾ ਹਾਂ?**
   ਜੀ ਹਾਂ, ਤੁਸੀਂ ਆਪਣੀ ਰਜਿਸਟਰਡ ਮੋਬਾਈਲ ਨੰਬਰ ’ਤੇ ਆਏ OTP ਨਾਲ ਲਾਗਇੰਨ ਕਰ ਸਕਦੇ ਹੋ। “Login via OTP” ਚੁਣ ਕੇ ਆਪਣੇ ਯੂਜ਼ਰ ਆਈ.ਡੀ. ਅਤੇ OTP ਦਰਜ ਕਰਨ ਨਾਲ ਲਾਗਇੰਨ ਕਰ ਸਕਦੇ ਹੋ।
4. **ਜੇਕਰ ਪਾਸਵਰਡ ਭੁੱਲ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ?**
   “Forgot Password” ’ਤੇ ਕਲਿੱਕ ਕਰੋ, ਆਪਣੀ ਯੂਜ਼ਰ ਆਈ.ਡੀ. ਦਰਜ ਕਰਕੇ ਰੀ-ਸੈੱਟ ਲਿੰਕ ਤੋਂ ਨਵਾਂ ਪਾਸਵਰਡ ਸੈੱਟ ਕਰਿਆ ਜਾ ਸਕਦਾ ਹੈ।
5. **ਪਰੀਖਿਆ ਲਈ ਕਿਵੇਂ ਲਾਗਇੰਨ ਕਰੀਏ?**
   ਪਰੀਖਿਆ ਵੈਬਸਾਈਟ ’ਤੇ ਜਾਓ → ਤਿੰਨ ਲਾਈਨਾਂ ਵਾਲੇ MENU ’ਤੇ ਕਲਿੱਕ ਕਰੋ → “Login” ਚੁਣੋ → User ID ਤੇ password ਭਰਕੇ ਜਾਂ OTP ਨਾਲ ਲਾਗਇੰਨ ਕਰ ਸਕਦੇ ਹੋ।

---

## ਪਰੀਖਿਆ ਅਨੁਸੂਚੀ ਤੇ ਬਣਤਰ

6. **ਅਭਿਆਸ ਪਰੀਖਿਆ ਟੈਸਟ(MOCK TEST) ਕਦੋਂ ਹੋਵੇਗਾ?**
   10 ਤੋਂ 12 ਨਵੰਬਰ 2025 –ਤੀਜੀ ਤੋਂ ਬਾਰ੍ਹਵੀਂ ਸ਼੍ਰੇਣੀ ਲਈ।
   ਸਮਾਂ ਸਵੇਰੇ 9:00 ਵਜੇ ਤੋਂ ਸ਼ਾਮ 7:00 ਵਜੇ ਤੱਕ

7. **ਆਈ.ਪੀ.ਐਲ.ਓ. ਪਰੀਖਿਆ ਕਦੋਂ ਹੋਵੇਗੀ?**

ਤੀਜੀ ਤੋਂ ਪੰਜਵੀਂ ਸ਼੍ਰੇਣੀ: **5 ਦਸੰਬਰ 2025**

ਛੇਵੀਂ ਤੋਂ ਅੱਠਵੀਂ ਸ਼੍ਰੇਣੀ: **6 ਦਸੰਬਰ 2025**

ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ: **8 ਦਸੰਬਰ 2025**

ਅੰਤਰਰਾਸ਼ਟਰੀ/ਹੋਰ ਰਾਜਾਂ ਦੇ ਵਿਦਿਆਰਥੀ: **6–7 ਦਸੰਬਰ 2025**

8. **ਪਰੀਖਿਆ ਪੈਟਰਨ ਤੇ ਸਮਾਂ**

ਪਰੀਖਿਆ ਵਿੱਚ ਕੁੱਲ 50 MCQ (ਉੱਤਰ-ਚੋਣ ਪ੍ਰਸ਼ਨ) ਹੋਣਗੇ, ਜਿਸ ਲਈ ਨਿਰਧਾਰਤ ਸਮਾਂ 60 ਮਿੰਟਾਂ ਦਾ ਹੋਵੇਗਾ ਅਤੇ ਕੋਈ negative marking ਨਹੀਂ ਹੋਵੇਗੀ।

9. **ਪ੍ਰੀਖਿਆ ਦਾ ਸਮਾਂ-ਸੂਚਕ**

ਸਵੇਰੇ 7:00 ਵਜੇ ਤੋਂ ਸ਼ਾਮ 7:00 ਵਜੇ ਤੱਕ ਹੇਠ ਅਨੁਸਾਰ ਸਲੌਟ ਉਪਲੱਬਧ ਹਨ:-

- 7:00 AM – 8:00 AM
- 8:00 AM – 9:00 AM
- 9:30 AM – 10:30 AM
- 10:30 AM – 11:30 AM
- 12:00 PM – 1:00 PM
- 1:00 PM – 2:00 PM
- 2:00 PM – 3:00 PM
- 4:00 PM – 5:00 PM
- 5:00 PM – 6:00 PM
- 6:00 PM – 7:00 PM

ਸ਼ਾਮ 7 ਵਜੇ ਤੋਂ ਪਹਿਲਾਂ ਸ਼ੁਰੂ ਕਰਨ ਵਾਲੇ ਵਿਦਿਆਰਥੀ ਪੂਰੇ 60 ਮਿੰਟ ਲੈ ਸਕਦੇ ਹਨ।

---

## ਪ੍ਰਵਾਨਗੀ ਤੇ ਪ੍ਰਮਾਣਿਕਤਾ

10. **ਪਰੀਖਿਆ ਤੋਂ ਪਹਿਲਾਂ ਕਿਹੜੀਆਂ permissions ਦੀ ਲੋੜ ਹੈ?**

ਕੈਮਰਾ ਅਤੇ ਮਾਈਕ੍ਰੋਫ਼ੋਨ enable/allow ਕਰਨੇ ਲਾਜ਼ਮੀ ਹਨ,ਇਨ੍ਹਾਂ ਤੋਂ ਬਿਨ੍ਹਾਂ ਪਰੀਖਿਆ ਸ਼ੁਰੂ ਨਹੀਂ ਹੋਵੇਗੀ।

11. **ਵੈਰੀਫਿਕੇਸ਼ਨ ਪ੍ਰਕਿਰਿਆ(validation process) ਦੇ ਕੀ steps ਹਨ?**

"BEGIN VALIDATION" 'ਤੇ ਕਲਿੱਕ ਕਰੋ → ਹਦਾਇਤਾਂ ਪੜ੍ਹੋ → ਸਹਿਮਤੀ ਟਿੱਕ ਕਰੋ → "START EXAM" 'ਤੇ ਕਲਿੱਕ ਕਰੋ।

12. **ਕੈਮਰਾ ਤੇ ਮਾਈਕ ਕਿਉਂ ਜਰੂਰੀ ਹਨ?**
ਕੈਮਰੇ ਦੁਆਰਾ ਪਰੀਖਿਆ ਦੀ ਸ਼ੁਰੂਆਤ, ਵਿਚਕਾਰ ਤੇ ਅੰਤ (final submission) 'ਤੇ ਤਸਵੀਰਾਂ ਲਈਆਂ ਜਾਈਆਂ ਹਨ, ਇਸ ਲਈ ਦੋਵੇਂ (ਕੈਮਰਾ ਅਤੇ ਮਾਈਕ) ਪੂਰੀ ਪਰੀਖਿਆ ਦੌਰਾਨ ਚਾਲੂ ਰਹਿਣੇ ਚਾਹੀਦੇ ਹਨ।

13. **ਕਿਹੜਾ ਇੰਟਰਨੈਟ ਤੇ ਡਿਵਾਈਸ ਵਰਤਣਾ ਚਾਹੀਦਾ ਹੈ?**
ਵਧੀਆ ਸਪੀਡ ਵਾਲਾ ਸਥਿਰ ਇੰਟਰਨੈਟ ਅਤੇ updated ਬ੍ਰਾਉਜ਼ਰ (Chrome, Edge, Firefoxਆਦਿ) ਜਿਸ ਵਿੱਚ ਕੈਮਰਾ ਤੇ ਮਾਈਕ ਠੀਕ ਕੰਮ ਕਰਦੇ ਹੋਣ।

14. **ਕੀ ਸਾਫਟਵੇਅਰ ਸਾਰੇ ਡਿਵਾਈਸਾਂ 'ਤੇ ਚੱਲਦਾ ਹੈ?**
ਜੀ ਹਾਂ, ਇਹ ਡੈਸਕਟਾਪ, ਲੈਪਟਾਪ, ਟੈਬ ਜਾਂ ਕਿਸੇ ਵੀ ਮੋਬਾਈਲ 'ਤੇ ਚੱਲ ਸਕਦਾ ਹੈ, ਬਸ਼ਰਤੇ ਉਸ ਦਾ ਕੈਮਰਾ ਅਤੇ ਮਾਇਕ ਠੀਕ ਚੱਲਦਾ ਹੋਵੇ।

---

**ਪਰੀਖਿਆ ਇੰਟਰਫੇਸ ਤੇ ਨੇਵੀਗੇਸ਼ਨ**

15. **ਕੀ ਮੈਂ ਪਰੀਖਿਆ ਦੇ ਪ੍ਰਸ਼ਨਾਂ ਵਿਚ ਅੱਗੇ-ਪਿੱਛੇ ਜਾ ਸਕਦਾ ਹਾਂ?**
ਜੀ ਹਾਂ, "Previous," "Save & Next," ਦੇ ਬਟਨ ਦੀ ਵਰਤੋਂ ਜਾਂ "Question Palette" ਨਾਲ ਕੋਈ ਵੀ ਪ੍ਰਸ਼ਨ ਪੜ੍ਹ ਸਕਦੇ ਹੋ ਅਤੇ ਉਤਰ ਦੇ ਸਕਦੇ ਹੋ।

16. **ਜੇ ਪਰੀਖਿਆ ਦੋਰਾਨ ਸਿਸਟਮ ਡਿਸ-ਕਨੈਕਟ ਹੋ ਜਾਵੇਂ ਤਾਂ ਕੀ ਕੀਤਾ ਜਾਵੇ?**
ਤੁਸੀਂ ਦੁਬਾਰਾ ਲਾਗਇੰਨ ਕਰ ਸਕਦੇ ਹੋ, ਪ੍ਰੀਖਿਆ ਦਾ ਬਾਕੀ ਰਹਿੰਦਾ ਸਮਾਂ ਮੁੜ ਤੋਂ ਸ਼ੁਰੂ ਹੋ ਜਾਵੇਗਾ।

17. **ਪਰੀਖਿਆ ਦਾ ਬਾਕੀ ਰਹਿੰਦਾ ਸਮਾਂ ਕਿਵੇਂ ਦੇਖਿਆ ਜਾ ਸਕਦਾ ਹੈ?**
ਸਕਰੀਨ ਦੇ ਉੱਪਰ ਟਾਈਮਰ ਬਾਰ ਤੇ ਬਾਕੀ ਰਹਿੰਦੇ ਸਮੇਂ ਦੀ ਜਾਣਕਾਰੀ (timer) ਉਪਲੱਬਧ ਹੈ।

18. **ਜੇਕਰ ਸਮੇਂ 'ਤੇ ਦਰਸਾਏ ਗਏ ਸਬਮਿਟ ਬਟਨ ਤੇ click ਨਾ ਹੋ ਸਕਿਆ?**
ਸਿਸਟਮ 60 ਮਿੰਟ ਪੂਰੇ ਹੋਣ 'ਤੇ Auto submit ਹੋ ਜਾਵੇਗਾ।

19. **ਪਰੀਖਿਆ ਸਕਰੀਨ ਤੇ ਉਪਲੱਬਧ ਬਟਨਾਂ ਦਾ ਅਰਥ:**
Previous – ਪਿਛਲਾ ਪ੍ਰਸ਼ਨ ਪੜ੍ਹਣ/ਵੇਖਣ ਹਿੱਤ;
Save & Next – ਜਵਾਬ save ਕਰਕੇ ਤੇ ਅਗਲਾ ਪ੍ਰਸ਼ਨ ਖੋਲ੍ਹੋ;
Clear Response – ਚੁਣਿਆ ਜਵਾਬ ਹਟਾਓ।

20. **ਪਰੀਖਿਆ ਦੌਰਾਨ ਆਪਣੀ ਪ੍ਰਗਤੀ (progress) ਕਿਵੇਂ ਜਾਣੀਏ?**
ਪ੍ਰਸ਼ਨ ਪੈਲਟ(question palette) ਤੇ ਪ੍ਰਸ਼ਨਾਂ ਦੇ ਰੰਗ ਅਨੁਸਾਰ ਆਪਣੀ ਪ੍ਰਗਤੀ ਦੇਖੀ ਜਾ ਸਕਦੀ ਹੈ:
ਹਰਾ ਰੰਗ– ਜਵਾਬ ਦੇ ਦਿੱਤਾ ਹੈ,
ਨੀਲਾ ਰੰਗ – ਦੇਖਿਆ ਪਰ ਤੁਸੀਂ ਜਵਾਬ ਨਹੀਂ ਦਿੱਤਾ,
ਸਲੇਟੀ ਰੰਗ – ਤੁਸੀਂ ਨਾ ਦੇਖਿਆ/ਨਾ ਪੜ੍ਹਿਆ।
(ਇਹ palette ਹਰ ਸਮੇਂ ਪ੍ਰੀਖਿਆ ਦੌਰਾਨ ਉਪਲੱਬਧ ਰਹੇਗਾ)

21. **ਕੀ ਮੈਂ ਸਬਮਿਟ ਤੋਂ ਪਹਿਲਾਂ ਸਭ ਕੁਝ ਵੇਖ ਸਕਦਾ ਹਾਂ?**
ਜੀ ਹਾਂ, "Exam Summary" ਵੀ ਵੇਖ ਸਕਦੇ ਹੋ ਅਤੇ ਜੇਕਰ ਤੁਸੀਂ ਆਪਣੀ ਪ੍ਰੀਖਿਆ ਨੂੰ final submit ਕਰਨਾ ਚਾਹੁੰਦੇ ਹੋ ਤਾਂ "SUBMIT EXAM" ਕਲਿੱਕ ਕਰੋ।

22. **ਸਬਮਿਟ ਤੋਂ ਬਾਅਦ ਕੀ ਹੁੰਦਾ ਹੈ?**
ਇੱਕ ਪੁਸ਼ਟੀ-ਬਾਕਸ ਆਉਂਦਾ ਹੈ ਜਿਸ ਵਿੱਚ "SUBMIT EXAM" ਜਾਂ "CANCEL" ਬਟਨ ਦੀ option ਵੀ ਨਾਲ ਉਪਲੱਬਧ ਹੈ, ਜਿਸ ਵਿੱਚੋਂ ਤੁਸੀਂ ਇੱਕ ਨੂੰ ਹੀ click ਕਰ ਸਕਦੇ ਹੋ।

---

## <u>ਨਿਯਮ ਤੇ ਨਿਗਰਾਨੀ</u>

23. **ਸਿਸਟਮ ਨਕਲ ਜਾਂ ਉਲੰਘਣਾ ਕਿਵੇਂ ਪਛਾਣਦਾ ਹੈ?**
ਜੇ ਤੁਹਾਡਾ ਚੇਹਰਾ ਨਾ ਦਿੱਖ ਰਿਹਾ ਹੋਵੇ ਜਾਂ ਕਈ ਚਿਹਰੇ ਦਿਖਣ ਜਾਂ ਆਲੇ ਦੁਆਲੇ ਸ਼ੋਰ ਹੋਵੇ ਜਾਂ ਟੈਬ ਬਦਲੇ ਜਾਣ, ਤਾਂ ਸਿਸਟਮ ਚੇਤਾਵਨੀ ਜਾਰੀ ਕਰਦਾ ਹੈ। ਬਾਰ-ਬਾਰ ਚੇਤਾਵਨੀ ਦੀ ਸਥਿਤੀ ਵਿੱਚ ਤੁਹਾਨੂੰ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

24. **ਕੀ ਮੈਂ ਹੈੱਡਫੋਨ ਜਾਂ ਬਲੂਟੁੱਥ ਵਰਤ ਸਕਦਾ ਹਾਂ?**
ਜੀ ਨਹੀਂ, ਇਹ ਗੈਜ਼ਟਸ ਮਨ੍ਹਾਂ ਹਨ ਤੇ ਇਨ੍ਹਾਂ ਦੀ ਵਰਤੋਂ ਪਰੀਖਿਆ ਦੀ ਉਲੰਘਣਾ ਕਰਾਰ ਦਿੱਤਾ ਜਾਵੇਗਾ।

## ਟੈਕਨੀਕਲ ਸਹਾਇਤਾ ਤੇ ਸਮੱਸਿਆ ਦਾ ਹੱਲ

25. **ਜੇ ਕੈਮਰਾ ਜਾਂ ਮਾਈਕ ਦੀ ਪਰਮਿਸ਼ਨ (permission) ਗਲਤੀ ਨਾਲ ਰੱਦ ਹੋ ਜਾਵੇ ਤਾਂ?**

    ਅਜਿਹੀ ਸਥਿਤੀ ਵਿੱਚ ਬ੍ਰਾਊਜ਼ਰ → ਸਾਈਟ ਸੈਟਿੰਗ → ਪਰਮਿਸ਼ਨ → ਕੈਮਰਾ/ਮਾਈਕ "Allow" ਕਰੋ olympiad.pseb.ac.in ਲਈ → ਰੀਫ੍ਰੈਸ਼ ਕਰਕੇ ਵੈਲੀਡੇਸ਼ਨ ਮੁੜ ਸ਼ੁਰੂ ਕਰੋ।

    **ਮੋਬਾਇਲ ਤੇ ਪ੍ਰੀਖਿਆ ਦੇਣ ਸਮੇਂ ਅਜਿਹੀ ਸਥਿਤੀ ਆਉਣ ਸਬੰਧੀ, ਇਸ VIDEO LINK ਤੇ ਕਲਿਕ ਕੀਤਾ ਜਾਵੇ।**

    click here to watch video

26. **ਜੇਕਰ ਕੋਈ technical issues ਜਿਵੇਂ ਕਿ (screen freeze, error etc) ਆ ਜਾਵੇ ਤਾਂ?**

    ਹਰ ਪ੍ਰਸ਼ਨ ਦਾ ਉੱਤਰ "Save & Next" ਬਟਨ ਤੇ ਕਲਿੱਕ ਕਰਨ ਉਪਰੰਤ autosave ਹੋ ਜਾਂਦਾ ਹੈ। ਤੁਸੀਂ ਮੁੜ ਤੋਂ ਰੀ-ਲਾਗਇੰਨ (Re-login) ਵੀ ਕਰ ਸਕਦੇ ਹੋ।

27. **ਕੀ ਮੈਂ ਰਜਿਸਟਰ ਕੀਤੇ ਮੋਬਾਈਲ ਜਾਂ ਈਮੇਲ ਬਦਲ ਸਕਦਾ ਹਾਂ?**

    ਜੀ ਨਹੀਂ, ਰਜਿਸਟ੍ਰੇਸ਼ਨ ਸਮਾਪਤੀ ਤੋਂ ਬਾਅਦ ਵੇਰਵਿਆਂ ਵਿੱਚ ਤਬਦੀਲੀ ਨਹੀਂ ਕੀਤੀ ਜਾ ਸਕਦੀ। ਪ੍ਰੀਖਿਆ ਦਾ ਨਤੀਜਾ ਨਿਕਲਣ ਤੱਕ ਰਜਿਸਟਰਡ ਈ-ਮੇਲ ਆਈ.ਡੀ ਅਤੇ ਫੋਨ ਨੰਬਰ ਨੂੰ active ਰੱਖਿਆ ਜਾਵੇ।

28. **ਸਹਾਇਤਾ ਲਈ ਸੰਪਰਕ ਕਿੱਥੇ ਕਰੀਏ?**

    Examination bar ਤੇ ਦਰਸ਼ਾਏ ਗਏ ਫੋਨ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ, ਪੁੱਛਗਿੱਛ ਦੌਰਾਨ IPLO ਰਜਿਸਟਰੇਸ਼ਨ ਨੰਬਰ ਅਤੇ ਸ਼੍ਰੇਣੀ ਦੱਸਣਾ ਲਾਜ਼ਮੀ ਹੈ।

---

## ਨਤੀਜੇ ਤੇ ਅਗਲਾ ਪੜਾਅ

29. **ਨਤੀਜੇ ਕਿਸ website/portal ਤੇ ਉਪਲੱਬਧ ਹੋਵੇਗਾ?**

ਪ੍ਰੀਖਿਆ ਦਾ ਨਤੀਜੇ ਘੋਸ਼ਿਤ ਕਰਨ ਸਬੰਧੀ ਜਾਣਕਾਰੀ www.pseb.ac.in ਅਤੇ olympiad.pseb.ac.in ’ਤੇ ਪ੍ਰਕਾਸ਼ਿਤ ਕੀਤੀ ਜਾਵੇਗੀ। ਯੋਗ ਹੋਵੇਗਾ ਕਿ ਦਿੱਤੀ ਗਈ ਵੈਬ-ਸਾਈਟ ਤੇ ਸਮੇਂ ਸਮੇਂ ਤੇ visit ਕੀਤਾ ਜਾਵੇ।

**30. ਸਕੂਲ ਰਜਿਸਟਰਡ ਵਿਦਿਆਰਥੀਆਂ ਦੇ ਵੇਰਵੇ ਕਿਥੋਂ ਪ੍ਰਾਪਤ ਕਰ ਕਰਦੇ ਹਨ?**

ਜਿਹੜੇ ਵਿਦਿਆਰਥੀਆਂ ਦੀ IPLO ਰਜਿਸਟਰੇਸ਼ਨ ਸਕੂਲਾਂ ਰਾਹੀਂ ਸਕੂਲ ਲਾਗਇੰਗ ਦੁਆਰਾ ਕੀਤੀ ਗਈ ਹੈ, ਸਕੂਲ ਉਹਨਾਂ ਦੀ IPLO ਰਜਿਸਟ੍ਰੇਸ਼ਨ ਆਈਡੀ ਸਬੰਧੀ ਇੱਕਮੁੱਠ ਰਿਪੋਰਟਾਂ ਸਕੂਲ ਲਾਗਇੰਨ ਰਾਹੀਂ olympiad.pseb.ac.in ਤੋਂ ਡਾਊਨਲੋਡ/ਪ੍ਰਿੰਟ ਕਰ ਸਕਦੇ ਹਨ।